# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ :26-02-2026**

ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਏ ਕਿ ਆਰਟੀਫਿਸ਼ਲ ਇੰਟੈਲਿਜੈਂਸ ਦੀ ਮਦਦ ਨਾਲ ਤਿਆਰ ਕੀਤੀ ਸਿੰਥੈਟਿਕ ਸਮੱਗਰੀ, ਉਸ ਵਿਅਕਤੀ ਦੀ ਸਹਿਮਤੀ ਤੋਂ ਬਿਨਾਂ ਨਹੀਂ ਬਣਾਈ ਜਾਣੀ ਚਾਹੀਦੀ, ਜਿਸ ਦਾ ਚਿਹਰਾ, ਆਵਾਜ਼ ਜਾਂ ਸ਼ਖ਼ਸੀਅਤ, ਸਮੱਗਰੀ ਵਿੱਚ ਵਰਤੀ ਜਾਂਦੀ ਏ । ਉਨ੍ਹਾਂ ਨੇ ਇਹ ਬਿਆਨ ਅੱਜ ਨਵੀਂ ਦਿੱਲੀ ਵਿੱਚ ਇਕ ਕਾਨਫਰੰਸ ਦੌਰਾਨ ਦਿੱਤਾ। ਸ੍ਰੀ ਵੈਸ਼ਨਵ ਨੇ ਕਿਹਾ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਉਸ ਸਮੱਗਰੀ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਏ. ਜਿਹੜਾ ਕਿ ਉਹ ਪੇਸ਼ ਕਰਦੇ ਨੇ। ਉਨ੍ਹਾਂ ਕਿਹਾ ਕਿ ਨਾਗਰਿਕਾਂ ਤੇ ਬੱਚਿਆਂ ਦੀ ਔਨਲਾਈਨ ਸੁਰੱਖਿਆ, ਇਨ੍ਹਾਂਪਲੇਟਫਾਰਮਾਂ ਦੀ ਜ਼ਿੰਮੇਵਾਰੀ ਏ । BYTE:RNU260226

ਸ੍ਰੀ ਵੈਸ਼ਨਵ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਆਪਣੀਆਂ ਮਾਲੀਆ ਵੰਡ ਨੀਤੀਆਂ 'ਤੇ ਮੁੜ ਵਿਚਾਰ ਕਰਨ ਦੀ ਵੀ ਅਪੀਲ ਕੀਤੀ।

---------------------------------------------------------------------

ਰਾਸ਼ਟਰੀ ਸਵੈ-ਸੇਵਕ ਸੰਘ (ਆਰ.ਐੱਸ.ਐੱਸ) ਦੇ ਸਰਸੰਘਚਾਲਕ ਡਾ. ਮੋਹਨ ਭਾਗਵਤ ਨੇ ਕੱਲ੍ਹ ਆਪਣੇ ਪਠਾਨਕੋਟ ਦੌਰੇ ਮੌਕੇ ਸੇਵਾ ਮੁਕਤ ਸੈਨਿਕ ਅਧਿਕਾਰੀਆਂ ਨਾਲ ਗੰਭੀਰ ਤੇ ਪ੍ਰੇਰਣਾਦਾਇਕ ਸੰਵਾਦ ਗੋਸ਼ਟੀ ਕੀਤੀ। ਆਪਣੇ ਸੰਬੋਧਨ ਵਿੱਚ ਡਾ. ਭਾਗਵਤ ਨੇ ਆਰ.ਐੱਸ.ਐੱਸ ਦੀ ਸਥਾਪਨਾ, ਉਦੇਸ਼ ਤੇ ਕਾਰਜ ਪ੍ਰਣਾਲੀ ਬਾਰੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਸੰਘ ਨੂੰ ਸਹੀ ਢੰਗ ਨਾਲ ਸਮਝਣ ਲਈ ਉਸ ਦੇ ਕੰਮ ਨੂੰ ਅੰਦਰੋਂ ਜਾਣਨਾ ਲਾਜ਼ਮੀ ਹੈ। ਡਾ. ਭਾਗਵਤ ਨੇ ਸਮਾਜਿਕ ਸਮਰਸਤਾ, ਨਾਗਰਿਕ ਫ਼ਰਜਾਂ, ਚੌਗਿਰਦੇ ਦੀ ਸੁਰੱਖਿਆ, ਪਰਿਵਾਰਕ

ਕਦਰਾਂ-ਕੀਮਤਾਂ, ਸਵਦੇਸ਼ੀ ਅਤੇ ਰਾਸ਼ਟਰੀ ਸੁਰੱਖਿਆ ਵਰਗੇ ਵਿਸ਼ਿਆਂ 'ਤੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਭਾਰਤੀ ਫੌਜ, ਅਨੇਕਤਾ ਵਿੱਚ ਏਕਤਾ ਦੀ ਬਿਹਤਰੀਨ ਉਦਾਹਰਣ ਏ ਅਤੇ ਇਹੀ ਭਾਵਨਾ ਸਮਾਜਿਕ ਜੀਵਨ ਵਿੱਚ ਵੀ ਮਜ਼ਬੂਤ ਕਰਨੀ ਚਾਹੀਦੀ ਏ।

ਇਸ ਮੌਕੇ ਰਾਸ਼ਟਰੀ ਗੀਤ ਵੰਦੇ ਮਾਤਰਮ ਦੇ ਇਤਿਹਾਸ, ਉਸ ਦੀ ਮਰਿਆਦਾ ਅਤੇ ਗਾਇਨ ਨਾਲ ਸਬੰਧਤ ਪ੍ਰੋਟੋਕੋਲ ਬਾਰੇ ਵਿਸ਼ੇਸ਼ ਪ੍ਰਦਰਸ਼ਨੀ ਤੇ ਤਿੰਨਾਂ ਫੌਜਾਂ ਦੇ ਪਰਮਵੀਰ ਚੱਕਰ ਪ੍ਰਾਪਤ ਵੀਰਾਂ ਬਾਰੇ ਜਾਣਕਾਰੀ ਦਿੰਦੀ ਪ੍ਰਦਰਸ਼ਨੀ ਵੀ ਲਗਾਈ ਗਈ ਸੀ ।

---------------------------------------------------------------

ਉੱਤਰ ਰੇਲਵੇ ਫਿਰੋਜ਼ਪੁਰ ਮੰਡਲ ਦੇ ਜਲੰਧਰ ਸ਼ਹਿਰ ਰੇਲਵੇ ਸਟੇਸ਼ਨ ‘ਤੇ ਰੇਲ ਯਾਤਰੀਆਂ ਦੀ ਸਹੂਲਤ ਲਈ ‘ਰੈਪਿਡੋ’ (Rapido) ਐਪ ਅਧਾਰਤ ਆਵਾਜਾਈ ਸੇਵਾ ਦਾ ਸ਼ੁਭ ਆਰੰਭ ਕੀਤਾ ਗਿਆ ਏ। ਇਹ ਸਹੂਲਤ ਨਾਨ-ਫੇਅਰ ਰੈਵੇਨਿਊ ਸੇਵਾ ਤਹਿਤ ਤਿੰਨ ਸਾਲਾਂ ਲਈ ਸ਼ੁਰੂ ਕੀਤੀ ਗਈ ਏ। ਰੇਲਵੇ ਸਟੇਸ਼ਨ ਦੇ ਬਾਹਰ ਪਾਰਕਿੰਗ ਖੇਤਰ ਦੇ ਨੇੜੇ ਰੈਪਿਡੋ ਦਾ ਕਾਊਂਟਰ ਵੀ ਸਥਾਪਤ ਕੀਤਾ ਗਿਆ ਏ, ਜਿੱਥੋਂ ਯਾਤਰੀ ਐਪ ਸਬੰਧੀ ਜਾਣਕਾਰੀ ਤੇ ਮਦਦ ਪ੍ਰਾਪਤ ਕਰ ਸਕਦੇ ਨੇ। ਸੀਨੀਅਰ ਮੰਡਲ ਵਪਾਰਕ ਪ੍ਰਬੰਧਕ ਪਰਮਦੀਪ ਸਿੰਘ ਸੈਣੀ ਨੇ ਦੱਸਿਆ ਏ ਕਿ ਰੈਪਿਡੋ ਐਪ ਨੂੰ ਰੇਲਵੰਨ ਐਪ ‘ਤੇ ਦਿਖਾਏ ਜਾਣ ਲਈ ਆਈ.ਆਰ.ਸੀ.ਟੀ.ਸੀ. ਨੂੰ ਵੀ ਪ੍ਰਸਤਾਵ ਭੇਜਿਆ ਗਿਆ ਏ, ਤਾਂ ਜੋ ਯਾਤਰੀ ਇੱਕੋ ਪਲੇਟਫਾਰਮ ‘ਤੇ ਟਰੇਨ ਦੀ ਟਿਕਟ ਦੇ ਨਾਲ-ਨਾਲ ਟੈਕਸੀ ਸੇਵਾ ਵੀ ਆਸਾਨੀ ਨਾਲ ਬੁੱਕ ਕਰ ਸਕਣ।

------------------------------------------------------------------------

ਦੇ ਦੂਜੇ ਹਫ਼ਤੇ ਦੌਰਾਨ ਪਿਛਲੇ ਸਾਲ ਦੇ ਮੁਕਾਬਲੇ ਤਾਪਮਾਨ ਵਿੱਚ 2 ਤੋਂ 4 ਡਿਗਰੀ ਸੈਲਸੀਅਸ ਦਾ ਵਾਧਾ ਦਰਜ ਕੀਤਾ ਗਿਆ ਏ। ਇਸ ਬਾਰੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਕਿਸਾਨਾਂ ਨੂੰ

ਸਲਾਹ ਦਿੱਤੀ ਏ ਕਿ ਕਣਕ ਦੀ ਫ਼ਸਲ ਨੂੰ ਹਲਕਾ ਪਾਣੀ ਲਾਇਆ ਜਾਵੇ। ਸਿੰਚਾਈ ਕਰਨ ਸਮੇਂ ਹਵਾ ਦੀ ਗਤੀ ਦਾ ਧਿਆਨ ਰੱਖਿਆ ਜਾਵੇ, ਤਾਂ ਜੋ ਫ਼ਸਲ ਨੂੰ ਡਿੱਗਣ ਤੋਂ ਬਚਾਇਆ ਜਾ ਸਕੇ। ਇਸੇ ਦੌਰਾਨ ਫ਼ਸਲ ਵਿਗਿਆਨ ਵਿਭਾਗ ਦੇ ਮੁਖੀ ਡਾ. ਹਰੀ ਰਾਮ ਨੇ ਦੱਸਿਆ ਏ ਕਿ ਜਿਹੜੀ ਕਣਕ ਅਜੇ ਗੋਭ ਵਾਲੇ ਪੱਤੇ ਦੇ ਮਰਹਲੇ ’ਤੇ ਏ, ਉਸ ਨੂੰ ਉੱਚ-ਤਾਪਮਾਨ ਤੋਂ ਬਚਾਉਣ ਲਈ 2 ਫੀਸਦੀ ਪੋਟਾਸ਼ੀਅਮ ਨਾਈਟ੍ਰੇਟ ਦੀ ਸਪਰੇਅ ਕੀਤੀ ਜਾਵੇ। ਸ਼ਾਮ ਵੇਲੇ ਸਪਰੇਅ ਕਰਨੀ ਲਾਹੇਵੰਦ ਰਹੇਗੀ।

---------------------------------------------------------------------

ਵਿਜੀਲੈਂਸ ਬਿਊਰੋ ਪੰਜਾਬ ਨੇ ਕੱਲ੍ਹ ਸਿਵਲ ਹਸਪਤਾਲ ਬਰੇਟਾ, ਜ਼ਿਲ੍ਹਾ ਮਾਨਸਾ ਦੇ ਨਸ਼ਾ ਛੁਡਾਊ ਕੇਂਦਰ ਵਿੱਚ ਤਾਇਨਾਤ ਕਾਊਂਸਲਰ ਨੂੰ ਜਾਅਲੀ ਡਿਗਰੀ ਸਰਟੀਫਿਕੇਟ ਦੇ ਆਧਾਰ 'ਤੇ ਨੌਕਰੀ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਜਾਂਚ ਕਰਨ ਤੋਂ ਬਾਅਦ ਸ਼ੰਕਰ ਸਿੰਘ, ਵਾਸੀ ਪਿੰਡ ਭੂੰਦੜ ਭੈਣੀ, ਤਹਿਸੀਲ ਮੂਨਕ ਵਿਰੁੱਧ ਕਾਰਵਾਈ ਕੀਤੀ ਗਈ ਏ। ਸਾਲ 2023 ਵਿੱਚ ਨਿੱਜੀ ਕੰਪਨੀ ਇਨੋਵਿਜ਼ਨ ਰਾਹੀਂ ਆਊਟਸੋਰਸਿੰਗ 'ਤੇ ਭਰਤੀ ਕੀਤੇ ਗਏ ਕਾਊਂਸਲਰਾਂ ਤੇ ਕੰਪਿਊਟਰ ਆਪਰੇਟਰਾਂ ਦੀਆਂ ਡਿਗਰੀ, ਸਰਟੀਫਿਕੇਟਾਂ ਦੀ ਸਿਵਲ

ਸਰਜਨ, ਮਾਨਸਾ ਦਫ਼ਤਰ ਨੇ ਤਸਦੀਕ ਕਰਵਾਈ ਤਾਂ ਇਸ ਧੋਖਾਦੇਹੀ ਬਾਰੇ ਪਤਾ ਲੱਗਾ।

-----------------------------------------------------------------------

ਪੰਜਾਬ ਦੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਨੇ ਪਟਿਆਲਾ ਵਿਚ ਸ਼ੀਸ਼ ਮਹਿਲ ਤੇ ਕਿਲ੍ਹਾ ਮੁਬਾਰਕ ਵਿਚ ਬੰਦ ਪਏ ਮਿਊਜ਼ੀਅਮ, ਲੋਕਾਂ ਲਈ ਖੋਲ੍ਹ ਦਿੱਤੇ ਨੇ। ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਦੱਸਿਆ ਏ ਕਿ ਸ਼ੀਸ਼ ਮਹਿਲ ਵਿਚ ਖੋਲ੍ਹੇ ਗਏ ਮਿਊਜ਼ੀਅਮ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਗਿਆ ਏ, ਜਿੱਥੇ ਵੱਖ-ਵੱਖ ਕਲਾਕ੍ਰਿਤਾਂ ਮੌਜੂਦ ਨੇ । ਸਖੀ ਸ਼ਕਤੀ ਕਰਾਫ਼ਟ ਮੇਲੇ ਵਿੱਚ ਆਉਣ ਵਾਲੇ ਲੋਕਾਂ ਨੇ ਇਸ ਬਾਰੇ ਖੁਸ਼ੀ ਪ੍ਰਗਟ ਕਰਦੇ ਹੋਏ ਕਿਹਾ ਏ ਕਿ ਸੂਬਾ ਸਰਕਾਰ ਨੇ ਇਹ ਮਿਊਜ਼ੀਅਮ ਖੋਲ੍ਹ ਕੇ ਵੱਡਾ ਤੋਹਫ਼ਾ ਦਿੱਤਾ ਏ।